# ਕਹਾਣੀ = ਨੰਗ ਸ਼ਾਹੂਕਾਰ

ਲਿਖਤ = ਬਲਜੀਤ ਬਰਾੜ



ਬਾਹਰ ਤਾਂ ਹੈ ਭਟਕਣ
ਤੇਰੇ ਅੰਦਰ ਹੀ ਗਿਆਨ
ਤੇਰੇ ਅੰਦਰ ਹੀ ਮਸੀਹਾ
ਤੇਰੇ ਅੰਦਰ ਹੀ ਸ਼ੈਤਾਨ
ਤੇਰੇ ਅੰਦਰ ਹੀ ਰਾਖ਼ਸ਼
ਤੇਰੇ ਅੰਦਰ ਹੀ ਭਗਵਾਨ

# ਕਹਾਣੀ (ਨੰਗ ਸ਼ਾਹੂਕਾਰ)

ਭਾਨਾ ਮੋਢੇ ਮੋਰਨੀਆਂ ਵਾਲਾ ਝੋਲਾ ਪਾਈ ਸ਼ਹਿਰ ਵਿੱਚ ਹਲਵਾਈ ਦੀ ਦੁਕਾਨ ਅੱਗੇ ਖੜ੍ਹਾ ਤਿੰਨ ਸੌ ਰੁਪਾਏ ਦੀ ਗਿਣਤੀ ਕਰ ਰਿਹਾ ਸੀ/ਸੌ ਸੌ ਦੇ ਦੋ ਨੋਟ ਤੇ ਦਸਾਂ ਦਸਾਂ ਦੇ ਦਸ ਨੋਟ ਸਨ ਉਹਦੇ ਕੋਲ/ਦਸ ਰੁਪਾਏ ਸ਼ਹਿਰ ਤੱਕ ਬੱਸ ਤੇ ਆਉਂਦੇ ਦਾ ਉਸਦਾ ਕਰਾਇਆ ਲੱਗ ਗਿਆ ਸੀ ਜੋ ਉਸਨੇ ਤਿੰਨ ਸੌ ਰੁਪਾਏ ਤੋਂ ਅਲੱਗ ਹੀ ਹੱਥ ਵਿੱਚ ਫੜ ਲਏ ਸਨ/ਪੈਸੇ ਗਿਣਕੇ ਤਾਂ ਉਹ ਘਰੋਂ ਵੀ ਲਿਆਇਆ ਸੀ,ਪਰ ਉਸਨੂੰ ਇੰਜ ਲੱਗ ਰਿਹਾ ਸੀ ਖਵਰ੍ਹੇ ਪੈਸੇ ਤਿੰਨ ਸੌ ਤੋਂ ਵੱਧ ਹੀ ਹੋਣ,ਦੂਜੀ ਤੀਜੀ ਵਾਰ ਗਿਣਨ ਤੇ ਵੀ ਉਹ ਤਿੰਨ ਸੌ ਹੀ ਰਹੇ/ਉਹ ਆਪਣੇ ਮਨ ਵਿੱਚ ਹੀ ਸੋਚਣ ਲੱਗ ਪਿਆ, "ਸੌਹਰਿਆਂ ਦੀ ਮਹਿਗਾਈ ਹੀ ਵਾਲੀ ਆ,ਪੈਸੇ ਦਾ ਤਾਂ ਬਣਦਾ ਹੀ ਕੱਖ ਨਹੀਂ,ਆਇਆ.... ਤੇ ਗਿਆ ਸਮਝੋ/

ਅਗਲੇ ਦਿਨ ਦਿਵਾਲੀ ਹੋਣ ਕਰਕੇ ਭਾਨਾ ਆਪਣੀ ਧੀ ਛਿੰਦੋ ਨੂੰ ਉਹਦੇ ਪਿੰਡ ਦਿਵਾਲੀ ਦੇਣ ਲਈ, ਮਠਿਆਈ ਦੀ ਦੁਕਾਨ ਮੂਹਰੇ ਸੰਸੋਪੰਜ ਵਿੱਚ ਖੜ੍ਹਾ ਸੋਚ ਰਿਹਾ ਸੀ ਕਿ ਲੱਡੂਆਂ ਦਾ ਡੱਬਾ ਲੈ ਲਿਆ ਜਾਏ ਜਾਂ ਫਿਰ ਰਸਗੁੱਲੇ,ਗੁਲਾਬ ਜਾਮਣਾਂ,ਬਰਫੀ ਦਾ ਰਲਮਾਂ ਮਿਲਮਾਂ/ਉਹ ਮੇਜ਼ਾਂ ਉੱਪਰ ਚਿਣੀਆਂ ਗੁਲਾਬ ਜਾਮਣਾਂ, ਰਸਗੁੱਲਿਆਂ ਨੂੰ ਟੋਹ ਕੇ ਵੇਖਣ ਲੱਗ ਪਿਆ ਕਿਤੇ ਵੇਹੀਆਂ ਤਾਂ ਨਹੀਂ/ਇਕ ਗੁਲਾਬ ਜਾਮਣ ਨੂੰ ਆਪਣੇ ਅਗੂੰਠੇ ਤੇ ਉਂਗਲ ਨਾਲ ਨੱਪ ਕੇ ਦੁਕਾਨਦਾਰ ਵੱਲ ਝਾਕਦਾ ਹੋਇਆ ਕਹਿੰਦਾ, ``ਬੜੀਆਂ ਪੋਲੀਆਂ/

ਦੁਕਾਨਦਾਰ ਪਹਿਲਾਂ ਹੀ ਖਿੱਝਿਆ ਖੜ੍ਹਾ ਸੀ,ਉਹ ਔਖਾ ਜਿਹਾ ਹੁੰਦਾ ਉਸਨੂੰ ਬੋਲਿਆ,`` ਕਿਓ ਬਾਪੂ ਨਪ ਨਪ ਕੇ ਇਹਨਾਂ ਦਾ ਰਸ ਕੱਢੀ ਜਾਨਾ......,ਇਹ ਕਿਹੜਾ ਅਖਰੋਟ ਆ.., ਗੁਲਾਬ ਜਾਮਣਾਂ ਆ......, ਪੋਲੀਆਂ ਤਾਂ ਹੋਣੀਆਂ ਈ ਆਂ.../

ਭਾਨੇ ਨੂੰ ਉਹਦੀ ਗੱਲ ਦਾ ਕੋਈ ਜਵਾਬ ਨਾ ਆਇਆ,ਉਹ ਚੁੱਪਚਾਪ ਉਸੇ ਤਰ੍ਹਾਂ ਹੀ ਖੜ੍ਹਾ ਰਿਹਾ/ਭਾਨੇ ਨੇ ਸੋਚਿਆ ਇੱਕੋ ਇੱਕ ਧੀ ਆ,ਸਾਲ ਵਿੱਚ ਇੱਕ ਵਾਰੀ ਇਹ ਤਿਉਹਾਰ ਆਉਂਦਾ,ਲੱਡੂਆਂ ਦਾ ਕਿੱਲੋ ਆਲਾ ਇੱਕ ਡੱਬਾ ਲੈਣ ਨਾਲੋਂ ਅੱਧਾ ਕਿੱਲੋ ਰਲਮਾਂ ਮਿਲਮਾਂ ਮਠਿਆਈ ਦਾ ਹੀ ਲੈ ਚਲਦਾਂ/

ਉਹ ਦੁਕਾਨਦਾਰ ਨੂੰ ਕਹਿੰਦਾ,``ਪਾ ਦੇ ਫਿਰ ਸ਼ੇਰਾ ਅੱਧਾ ਕਿੱਲੋ....,ਰਲਮਾਂ ਜਿਹਾ/

ਦੁਕਾਨਦਾਰ ਨੇ ਉਹਦੇ ਨਾਲ ਦੇ ਦਸ ਗਾਹਕ ਤੋਰ ਦਿੱਤੇ ਸਨ,ਇੱਕ ਤਾਂ ਭਾਨੇ ਨੇ ਫੈਸਲਾ ਕਰਨ ਵਿੱਚ ਕਾਫੀ ਸਮਾਂ ਲਾ ਦਿੱਤਾ,ਦੂਜਾ ਉਹ ਵਿਚਾਲੇ ਰਸਤੇ ਵਿੱਚ ਖੜ੍ਹਾ

ਕਈ ਗਾਹਕਾਂ ਨੂੰ ਅਢਿੱਕਾ ਲਾ ਰਿਹਾ ਸੀ/ਜਦੋਂ ਦੁਕਾਨਦਾਰ ਨੂੰ ਚੰਗੇ ਗਾਹਕ ਪੈਂਦੇ ਹੋਣ ਤਾਂ ਮਾੜਾ ਮੋਟਾ ਸੌਦਾ ਲੈਣ ਵਾਲੇ ਵੱਲ ਉਹ ਬਹੁਤਾ ਧਿਆਨ ਨਹੀਂ ਦਿੰਦੇ/ਐਨਾ ਸਮਾਂ ਖਰਾਬ ਕਰਨ ਤੋਂ ਬਾਅਦ ਭਾਨੇ ਦੁਆਰਾ ਅੱਧਾ ਕਿੱਲੋ ਮਠਿਆਈ ਲੈਣੀ,ਦੁਕਾਨਦਾਰ ਨੂੰ ਆਪਣਾ ਸਮਾਂ ਖਰਾਬ ਕਰਨ ਵਾਂਗ ਲੱਗਿਆ/

ਉਹ ਭਾਨੇ ਨੂੰ ਕਹਿੰਦਾ,``ਬਾਬਾ ਕਿੱਲੋ ਈ ਕਰ ਦਿੰਨਾਂ/

ਭਾਨਾ ਫੇਰ ਸੋਚਾਂ ਵਿੱਚ ਪੈ ਗਿਆ,ਥੋੜ੍ਹਾ ਜਿਹਾ ਸੋਚ ਕੇ ਕਹਿੰਦਾ,``ਕਰਦੇ ਫਿਰ..... ਵੇਖੀ ਜਾਉ...!

ਜਦੋਂ ਭਾਨੇ ਨੇ ਵੇਖੀ ਜਾਉ ਕਿਹਾ ਤਾਂ ਦੁਕਾਨਦਾਰ ਦਾ ਅੰਦਰੋਂ ਅੰਦਰੀਂ ਹਾਸਾ ਨਿਕਲ ਗਿਆ/ਉਹ ਕੋਲ ਹੀ ਖੜ੍ਹੇ ਇੱਕ ਹੋਰ ਗਾਹਕ ਨੂੰ ਕਹਿੰਦਾ,``ਵੇਖੀ ਜਾਉ ਤਾਂ ਬੁੜ੍ਹੇ ਨੇ ਆਂਏ ਕਿਹਾ ਜਿਵੇ ਸਾਰੀ ਦੁਕਾਨ ਦਾ ਸੌਦਾ ਮਾਰ ਲਿਆ ਹੁੰਦਾ/ਫੇਰ ਖੀ..ਖੀ....ਖੀ..ਕਰਕੇ ਦੋਹੇ ਹੱਸ ਪਏ/

ਸੁਣ ਭਾਨੇ ਨੂੰ ਵੀ ਗਈ ਉਹਨਾਂ ਦੀ ਗੱਲ ਪਰ ਉਹ ਅਣਸੁਣੀ ਜਿਹੀ ਕਰਕੇ ਉਮੇਂ ਹੀ ਝਾਉਂ ਜਿਹਾ ਬਣਕੇ ਖੜ੍ਹਾ ਰਿਹਾ/ਦੁਕਾਨਦਾਰ ਨੇ ਕਿੱਲੋ ਮਠਿਆਈ ਡੱਬੇ ਵਿੱਚ ਪਾ ਕੇ ਭਾਨੇ ਨੂੰ ਫੜਾਉਂਦੇ ਹੋਏ ਮਸ਼ਕਰੀ ਨਾਲ ਕਿਹਾ,``ਕੱਢ ਆਪਣੀ ਤਿਜ਼ੋਰੀ ਚੋ ਦੋ ਸੌ ਰੁਪਾਏ ਤੇ ਆ ਚੱਕ ਆਪਣਾ ਡੱਬਾ/ਦੁਕਾਨਦਾਰ ਨੇ ਭਾਨੇ ਦੇ ਹੱਥ ਵਿੱਚ ਪਾਟਿਆ ਜਿਹਾ ਬਟੂਆ ਜਿਹਦੇ ਵਿੱਚ ਉਹਦੇ ਰੁਪਾਏ ਪਾਏ ਸਨ ਪਹਿਲਾਂ ਹੀ ਵੇਖ ਲਿਆ ਸੀ/

ਭਾਨੇ ਨੂੰ ਵੀ ਪਤਾ ਲੱਗ ਗਿਆ ਬਈ ਇਹ ਛੋਕਰਾ ਕੁਝ ਜ਼ਿਆਦਾ ਹੀ ਟਿਚਰਾਂ ਕਰ ਰਿਹਾ/ਉਹ ਉੱਚੀ ਸਾਰੀ ਉਸ ਦੁਕਾਨ ਨੂੰ ਜੋ ਚਾਰੇ ਪਾਸਿਓ ਲਿਸ਼ਕਾ ਮਾਰ ਰਹੀ ਸੀ ਵੇਖਦਾ ਹੋਇਆ ਉਸ ਛੋਕਰੇ ਨੂੰ ਕਹਿੰਦਾ,``ਭਾਫ ਬਣਕੇ ਉੱਡੇ ਪਾਣੀ ਨੂੰ ਵਹਿਮ ਹੋ ਜਾਂਦਾ ਖਣੀ.... ਉਹ ਚੰਦ ਦੇ ਪਹੁੰਚ ਜਾਉ..., ਡਿੱਗਣਾ ਤਾਂ......ਇਕ ਦਿਨ ਧਰਤੀ ਤੇ ਈ ਹੁੰਦਾ," `ਉੱਡ ਲੈ ਪੁੱਤ ਜਿੰਨਾਂ ਉੱਡਿਆ ਜਾਂਦਾ ਤੈਥੋਂ,ਦਿਨ ਆ ਭਾਈ ਤੇਰੇ"/ਭਾਨੇ ਦੇ ਮੂੰਹੋਂ ਇਹ ਸ਼ਬਦ ਸੁਣਕੇ ਉਸਤੋਂ ਪੈਸੇ ਫੜ੍ਹਦਾ ਉਹ ਛੋਕਰਾ ਕੱਚੀ ਲੱਸੀ ਜਿਹੀ ਕਰੇ/

ਦੁਕਾਨਦਾਰ ਤੋਂ ਮਠਿਆਈ ਦਾ ਡੱਬਾ ਲੈ ਕੇ ਉਹ ਸੇਬਾਂ ਵਾਲੀ ਰੇਹੜੀ ਕੋਲ ਆ ਕੇ ਫੇਰ ਸੋਚੀਂ ਪੈ ਗਿਆ/ਕਿੰਨੇ ਲਾਲ ਲਾਲ ਸੇਬ ਆ,ਮਹਿਕਾਂ ਆਉਂਦੀਆਂ,ਜੇ ਕਿੱਲੋ ਕੁ ਇਹ ਵੀ ਲੈ ਜਾਵਾਂ ਤਾਂ ਛਿੰਦੀ ਦੇ ਜਵਾਕ ਖ਼ੁਸ਼ ਹੋ ਜਾਣਗੇ,ਕਿਹੜਾ ਨਿੱਤ ਨਿੱਤ ਜਾ ਹੁੰਦਾ ਉਹਦੇ ਕੋਲ/ਉਹਨੇ ਫੇਰ ਆਪਣੇ ਪੈਸੇ ਗਿਣੇ ਦਸਾਂ ਦਸਾਂ ਦੇ ਦਸ ਨੋਟ,ਸੌ ਰੁਪਿਆ ਰਹਿ ਗਿਆ ਸੀ/

ਰੇਹੜੀ ਵਾਲੇ ਕੋਲ ਜਾ ਕੇ ਕਹਿੰਦਾ ਕੀ ਭਾਅ ਲਾਏ ਆ ਸਿਉ ਸ਼ੇਰਾ/ਅੱਸੀ ਰੁਪਾਏ, ਰੇਹੜੀ ਆਲੇ ਨੇ ਜਵਾਬ ਦਿੱਤਾ/ਭਾਨਾ ਕਹਿੰਦਾ,..... ਪੰਜਾਹ ਰੁਪਾਏ ਦੇ ਹਿਸਾਬ ਨਾਲ

ਲਾ ਲੈ...,ਕਿੱਲੋ ਲੈ ਲੈਨਾ/

ਰੇਹੜੀ ਆਲਾ ਕਹਿੰਦਾ,```ਬਾਪੂ ਕਿੱਲੋ ਲੈ ਲਈ ਤੇ ਭਾਂਵੇ.... ਪੰਜ ਕਿੱਲੋ,ਪਰ ਅੱਸੀ ਤੋਂ ਘੱਟ ਨਹੀਂ/ਉਹ ਗਲ੍ਹੇ ਸੜ੍ਹੇ ਜਿਹੇ ਸੇਬਾਂ ਵੱਲ ਹੱਥ ਕਰਕੇ ਕਹਿੰਦਾ,``ਆ ਲੈ ਜਾ....,ਪੰਜਾਹ ਰੁਪਾਏ ਦੇ ਹਿਸਾਬ ਨਾਲ/

ਭਾਨਾ ਫੇਰ ਸੋਚੀਂ ਪੈ ਗਿਆ,ਗਲ੍ਹੇ ਸੜ੍ਹੇ ਸੇਬਾਂ ਵੱਲ ਵੇਖਦਾ ਹੋਇਆ ਮਨ ਵਿੱਚ ਹੀ ਕਹਿੰਦਾ,``ਇਹ ਤਾਂ ਜਮਾਂ ਬਿਮਾਰੀ ਦਾ ਘਰ ਆ....,ਹੋਰ ਨਾ ਇਹ ਖਾ ਕੇ ਛਿੰਦੋ ਦੇ ਜਵਾਕ ਬਿਮਾਰ ਹੀ ਹੋ ਜਾਣ/ਲਾਲ ਸੇਬਾਂ ਵੱਲ ਹੱਥ ਕਰਕੇ ਭਾਨਾ ਕਹਿੰਦਾ,``ਚੱਲ ਸੱਠ ਰੁਪਾਏ ਦਾ ਹਿਸਾਬ ਨਾਲ ਦੇਦੇ ਫਿਰ ਆਹਾ/

ਨਾ ਬਾਬਾ......,ਐਨੇ ਨੂੰ ਤਾਂ ਮੰਡੀ ਵਿੱਚ ਸਾਨੂੰ ਆਪਨੂੰ ਪੈਂਦੇ ਆ....,ਚੱਲ ਪਝੱਤਰ ਲਾ ਦਿਉ/

ਭਾਨਾ ਉਸ ਨਾਲ ਰਿੜ ਰਿੜ ਕਰਕੇ ਸੱਤਰਾਂ ਤੇ ਲੈ ਆਇਆ ਤੇ ਪੈਸੇ ਫੜਾ ਕੇ ਕਿੱਲੋ ਸੇਬ ਮੋਰਨੀਆਂ ਵਾਲੇ ਝੋਲੇ ਵਿੱਚ ਪਾ ਲਏ ਜਿਹਦੇ ਵਿੱਚ ਪਹਿਲਾਂ ਹੀ ਮਠਿਆਈ ਦਾ ਡੱਬਾ ਪਾਇਆ ਹੋਇਆ ਸੀ/

ਉਹ ਰੇਹੜੀ ਕੋਲ ਹੀ ਖੜ੍ਹਾ ਛਿੰਦੋ ਦੇ ਪਿੰਡ ਨੂੰ ਜਾਣ ਵਾਲੀ ਬੱਸ ਦਾ ਇੰਤਜ਼ਾਰ ਕਰ ਰਿਹਾ ਸੀ,ਜੋ ਸ਼ਹਿਰ ਤੋਂ ਉਹਦੇ ਆਪਣੇ ਪਿੰਡ ਜਿੰਨੀ ਕੁ ਵਾਟ ਤੇ ਸੀ/ਐਨੇ ਨੂੰ ਉਹਦੇ ਸਾਹਮਣੇ ਚੰਗੀ ਗੱਡੀ ਵਿੱਚੋਂ ਮੰਤਰੀਆਂ ਵਾਲੀ ਝੱਗੀ ਪਾਈ,ਭਾਨੇ ਦੇ ਨਾਲ ਦੇ ਪਿੰਡ ਵਾਲਾ ਕਸ਼ਮੀਰਾ ਉੱਤਰਿਆ/ਉਹਨੇ ਗੱਡੀ ਵਿੱਚੋਂ ਉੱਤਰ ਕਿ ਹਾਲੇ ਅੰਗੜਾਈ ਹੀ ਲਈ ਸੀ ਕਿ ਝੁੱਗੀਆਂ ਵਾਲੇ ਇੱਕ ਜਵਾਕ ਦੇ ਉਹ ਨਜ਼ਰੀ ਪੈ ਗਿਆ ਜੋ ਆਪਣੇ ਭੈਣ, ਭਰਾਵਾਂ,ਦੋਸਤਾਂ ਨਾਲ ਮੋਢੇ ਵਿੱਚ ਬਗਲੀਆਂ ਪਾਈ ਸ਼ਹਿਰ ਵਿੱਚ ਵਾਧੂ ਗੱਤੇ ਖਾਲੀ ਬੋਤਲਾਂ ਚੁੱਕਦਾ ਫਿਰਦਾ ਸੀ/

ਉਹ ਉੱਚੀ ਉੱਚੀ ਸਾਰਿਆਂ ਨੂੰ ਕਹਿਣ ਲੱਗ ਪਿਆ, ``ਆਜੋ ਓਏ..., ਉੱਧਣ ਵਾਲਾ ਅੰਕਲ ਆ ਗਿਆ...,ਅੱਜ ਫੇਰ ਆਪਾਂ ਨੂੰ ਚੀਜ਼ੀਆਂ ਦਿਉ/ਉਹਨਾਂ ਸਾਰੇ ਜਾਣਿਆਂ ਨੇ ਇੱਕਠੇ ਹੋ ਕੇ ਕਸ਼ਮੀਰੇ ਨੂੰ ਘੇਰਾ ਪਾ ਲਿਆ/

ਕਸ਼ਮੀਰਾ ਉਹਨਾਂ ਨੂੰ ਹਟੋ ਹਟੋ ਕਹਿਕੇ,ਜਿੰਨਾਂ ਉਹਨਾਂ ਤੋਂ ਦੂਰ ਭੱਜੇ,ਉਹ ਉਨਾਂ ਹੀ ਉਹਦੇ ਨੇੜੇ ਹੋ ਕੇ ਕੁਝ ਨਾ ਕੁਝ ਖੁਵਾਉਣ ਲਈ ਦੁਹਾਈ ਪਾਉਣ/

ਉਹਨਾਂ ਵਿੱਚੋਂ ਇਕ ਮਰੀ ਜਿਹੀ ਬਾਲੜੀ ਮਸੋਸਾ ਜਿਹਾ ਮੂੰਹ ਬਣਾ ਕੇ ਬੋਲੀ,`` ਅੰਕਲ ਬਹੁਤ ਭੁੱਖ ਲੱਗੀ ਏ ਉਸ ਦਿਨ ਵਾਂਗ ਅੱਜ ਵੀ ਕੁਝ ਖੁਵਾ ਦਿਉ ਨਾ.... ਪਲੀਜ਼../

ਜਦੋਂ ਕਸ਼ਮੀਰੇ ਨੂੰ ਲੱਗਾ ਕਿ ਇਹਨਾਂ ਨੇ ਹੁਣ ਖਹਿੜਾ ਨਹੀ ਛੱਡਣਾਂ ਤਾਂ ਉਸਨੇ

ਝੱਟ ਗੱਡੀ ਵਿੱਚ ਬੈਠ ਕੇ ਅੰਦਰੋਂ ਵਾਰੀ ਲਾ ਲਈ ਤੇ ਗੱਡੀ ਕਾਫੀ ਦੂਰ ਅੱਗੇ ਬਜ਼ਾਰ ਵਿੱਚ ਲੈ ਗਿਆ/ਜਵਾਕ ਥੋੜ੍ਹੀ ਵਾਟ ਤਾਂ ਗੱਡੀ ਨਾਲ ਅੰਕਲ ਅੰਕਲ ਕਰਦੇ ਭੱਜੇ ਪਰ ਜਦ ਗੱਡੀ ਕਾਫੀ ਅੱਗੇ ਨਿਕਲ ਗਈ ਤਾਂ ਉਹ ਮੁੜ ਆਏ/

ਭਾਨਾ ਵੀ ਫ਼ਲਾਂ ਵਾਲੀ ਰੇਹੜੀ ਕੋਲ ਖੜ੍ਹਾ ਇਹ ਸਭ ਕੁਝ ਵੇਖ ਰਿਹਾ ਸੀ/ਭਾਨੇ ਨੇ ਉਹਨਾਂ ਸਾਰਿਆਂ ਵਿੱਚ ਜਿਹੜਾ ਸਭ ਤੋਂ ਵੱਡਾ ਸੀ ਉਸਨੂੰ ਆਵਾਜ਼ ਮਾਰੀ,``ਉਰੇ ਆ....ਮੇਰਾ ਸ਼ੇਰ,ਜਦ ਉਹ ਕੋਲ ਆ ਗਿਆ ਤਾਂ ਭਾਨੇ ਨੇ ਉਸਨੂੰ ਕਿਹਾ,``ਉਹਨੂੰ ਜਾਣਦੇ ਓ, ਕੌਣ ਸੀ ਉਹ,ਨਾਲੇ ਇੰਜ ਤੁਸੀਂ ਸਾਰੇ ਜਾਣੇ ਉਹਦੇ ਮਗਰ ਕਾਸਤੋ ਪਏ ਸੀ ?

ਆਂਏ ਤਾਂ ਪਤਾ ਨੀ ਬਾਪੂ ਉਹ ਕੌਣ ਆ,ਹਾਂ ਵਾਹਲਾ ਚਿਰ ਪਹਿਲਾਂ ਸਾਡੀਆਂ ਝੁੱਗੀਆਂ ਝੋਪੜੀਆਂ ਵਿੱਚ ਆਏ ਸੀ ਇਹ ਅੰਕਲ....,ਹੋਰ ਵੀ ਸਨ ਇਹਦੇ ਨਾਲ ਕਈ ਜਾਣੇ...../ਉਦੋਂ ਇਹ ਸਾਨੂੰ ਬਹੁਤ ਸਾਰੇ ਸੇਬ,ਕੇਲੇ, ਸੰਤਰੇ,ਫਰੂਟੀਆਂ ਦੇ ਕੇ ਗਏ ਸਨ,ਨਾਲੇ ਉਦੋਂ ਇਹਨਾਂ ਨੇ ਸਾਡੇ ਨਾਲ ਤੇ ਨਿੱਕੇ ਜਵਾਕਾਂ ਨੂੰ ਗਲਵਕੜੀ ਵਿੱਚ ਲੈ ਕੇ ਫੋਟੋਆਂ ਵੀ ਕਰਾਈਆਂ ਸੀ/

ਭਾਨਾ ਉਸ ਬੱਚੇ ਦੀ ਗੱਲ ਝੱਟ ਸਮਝ ਗਿਆ,ਵੋਟਾਂ ਪੈਣ ਤੋਂ ਪਹਿਲਾਂ ਉਸਨੇ ਕਸ਼ਮੀਰੇ ਦੀਆਂ ਅਖ਼ਵਾਰ ਵਿੱਚ ਝੁੱਗੀਆਂ ਵਾਲੇ ਜਵਾਕਾਂ ਨੂੰ ਫਰੂਟ ਵੰਡਦੇ ਦੀਆਂ ਫੋਟੋਆਂ ਵੀ ਵੇਖੀਆਂ ਸਨ/ਭਾਨਾ ਲੰਮਾਂ ਸਾਰਾ ਸਾਹ ਖਿੱਚ ਕੇ ਕਹਿੰਦਾ,``ਇਹ ਇਹ ਤਾਂ ਸ਼ੇਰਾ....ਟਿਕਟੂ ਸੀ,ਇਹਨੇ ਕੀ ਦੇਣਾ ਹੁਣ ਥੋਨੂੰ,ਇਹ ਤਾਂ... ਇਲੈਕਸ਼ਨਾਂ ਤੋਂ ਕੁਝ ਦਿਨ ਪਹਿਲਾਂ ਅਜਿਹੇ ਦੋ ਚਾਰ ਕੰਮ ਕਰਦੇ ਆ....,ਟਿਕਟ ਲੈਣ ਵਾਸਤੇ,ਜਿੱਧਰੋਂ ਵੀ ਇਹਨਾਂ ਨੂੰ ਦਿਸੇ...ਟਿਕਟ ਮਿਲੂ,ਉਸੇ ਪਾਰਟੀ ਵੱਲ ਟਪੂਸੀ ਮਾਰਕੇ ਹੋ ਜਾਂਦੇ ਆ,ਗਰੀਬਾਂ ਦੇ ਮਸ਼ੀਹੇ,ਕਿਸਾਨਾਂ ਦੇ ਸੱਚੇ ਹਮਦਰਦ ਤੇ ਸਿਰੇ ਦੇ ਇਮਾਨਦਾਰ ਬਣਨ ਦਾ ਕੁਝ ਕੁ ਮਹੀਨੇ ਮਖੌਟਾ ਪਹਿਨਦੇ ਆ/ਚੱਲ ਕੋਈ ਨਾ ਸ਼ੇਰਾ,ਹੁਣ ਨਹੀਂ ਇਹਨੇ ਥੋਨੂੰ ਪਹਿਚਾਨਣਾ,ਆ ਸਾਲ ਕੁ ਨੂੰ....ਫੇਰ ਵੋਟਾਂ ਆਈਆਂ ਲੈ,ਇਹ ਫੇਰ ਆਉਣਗੇ ਤੁਹਾਡੇ ਕੋਲ ਫਰੂਟੀਆਂ ਵੰਡਣ ਤੇ ਫੋਟੋਆਂ ਖਿਚਵਾਉਣ,ਇੰਤਜ਼ਾਰ ਕਰੋ/

ਜਵਾਕ ਨੂੰ ਭਾਨੇ ਦੀਆਂ ਗੱਲਾ ਦੀ ਬਹੁਤੀ ਸਮਝ ਤਾਂ ਨੀ ਆਈ,ਐਨਾ ਸੁਣ ਕੇ ਖੁਸ਼ੀ ਬਹੁਤ ਹੋਈ ਕਿ ਉਹ ਫੇਰ ਆਉਣਗੇ ਕਿਸੇ ਦਿਨ ਉਹਨਾਂ ਦੀਆਂ ਗੰਦੀਆਂ ਝੁੱਗੀਆਂ ਝੋਪੜੀਆਂ ਵਿੱਚ/

ਜਦ ਉਹ ਮੁੰਡਾ ਤੁਰਨ ਲੱਗਦਾ ਤਾਂ ਭਾਨਾ ਉਹਦੀ ਬਾਂਹ ਫੜ੍ਹ ਰੋਕ ਲੈਂਦਾ ਹੈ ਤੇ ਮੋਰਨੀਆਂ ਵਾਲੇ ਝੋਲੇ ਵਿੱਚ ਸੇਬਾਂ ਵਾਲਾ ਲਿਫਾਫਾ ਕੱਢ ਕੇ ਉਹਨੂੰ ਫੜਾ ਦਿੰਦਾ ਏ,ਇਹ ਵੇਖਕੇ ਜਵਾਕ ਦੇ ਅੱਖਾਂ ਵਿੱਚ ਚਮਕ ਆ ਜਾਂਦੀ ਏ,ਉਹ ਖੁਸ਼ੀ ਵਿੱਚ ਸੇਬਾਂ ਵਾਲਾ

ਲਿਫਾਫਾ ਫੜ੍ਹ ਕੇ ਟਪੂਸੀਆਂ ਮਾਰਦਾ ਹਾਲੇ ਥੋੜੀ ਦੂਰ ਹੀ ਗਿਆ ਹੁੰਦਾ,ਭਾਨਾ ਉਸਨੂੰ ਫੇਰ ਆਵਾਜ਼ ਮਾਰ ਲੈਂਦਾ ਹੈ/ਜਦ ਉਹ ਕੋਲ ਆ ਜਾਂਦਾ ਤਾਂ ਭਾਨਾ ਆਪਣੇ ਝੋਲੇ ਵਿੱਚੋਂ ਮਠਿਆਈ ਵਾਲਾ ਡੱਬਾ ਵੀ ਕੱਢਕੇ ਉਸਨੂੰ ਫੜਾ ਦਿੰਦਾ ਹੈ ਤੇ ਸਾਰਿਆਂ ਵਿੱਚ ਵੰਡ ਕੇ ਖਾਣ ਦੀ ਹਦਾਇਤ ਦੇ ਕੇ ਉਸ ਨੂੰ ਜਾਣ ਲਈ ਕਹਿੰਦਾ ਹੈ/ਜਵਾਕ ਦਾ ਖ਼ੁਸ਼ੀ ਦਾ ਕੋਈ ਟਿਕਾਣਾ ਨਹੀ ਰਹਿੰਦਾ ਉਹ ਭਾਨੇ ਨੂੰ ਹੈਪੀ ਦਿਵਾਲੀ ਬਾਪੂ,ਕਹਿ ਕੇ ਪੱਤੇ ਵਾਹ ਜਾਂਦਾ ਹੈ,ਭਾਨਾ ਵੀ ਉੱਚੀ ਉੱਚੀ ਹੱਸਦਾ ਹੋਇਆ ਉਹਨੂੰ ਹਾਂ..ਹੈਪੀ ਹੈਪੀ....ਪੁੱਤ,ਕਹਿੰਦਾ ਫੇਰ ਸੋਚਾਂ ਵਿੱਚ ਪੈ ਜਾਂਦਾ ਹੈ ਕਿ ਇਹ ਵੀ ਬੱਚੇ ਵਿਚਾਰੇ ਆਪਣੀ ਛਿੰਦੀ ਦੇ ਜਵਾਕਾ ਵਰਗੇ ਹੀ ਆ,ਜਿਹੋ ਜਿਹੇ ਇਹਨਾਂ ਦੇ ਮੂੰਹ ਵਿੱਚ ਮਠਿਆਈ ਤੇ ਫ਼ਲ ਪੈ ਗਏ ਉਹੋ ਜਹੇ ਉਹਨਾਂ ਦੇ/ਉਹਨਾਂ ਨੂੰ ਕਦੇ ਫੇਰ ਲੰਘਦੇ ਟੱਪਦੇ ਦੇ ਆਵਾਂਗੇ/

ਭਾਨੇ ਦੀ ਇਹ ਦਰਿਆਦਿਲੀ ਵੇਖ ਕੇ ਫ਼ਲਾਂ ਦੀ ਰੇਹੜੀ ਵਾਲਾ ਵੀ ਹੈਰਾਨ ਸੀ,ਕਿ ਜਿਹੜਾ ਬੰਦਾ ਦਸਾਂ ਰੁਪਾਇਆਂ ਪਿੱਛੇ ਮੇਰੇ ਨਾਲ ਕਿੰਨਾ ਹੀ ਚਿਰ ਰਿੜ ਰਿੜ ਕਰੀ ਗਿਆ,ਉਸ ਨੇ ਬਿਨਾਂ ਸੋਚੇ,ਆਪਣੀ ਮਠਿਆਈ ਤੇ ਸੇਬ ਉਸ ਬੱਚੇ ਨੂੰ ਕਿਵੇਂ ਫੜਾ ਦਿੱਤੇ/

ਉਹ ਹੱਸਦਾ ਹੋਇਆ ਭਾਨੇ ਨੂੰ ਬੋਲਿਆ,``ਕੀ ਗੱਲ ਬਾਬਾ,ਕਿਤੇ ਤੂੰ ਵੀ ਟਿਕਟ ਤਾਂ ਨੀਂ ਲੈਣੀ ? ਐਨਾਂ ਸਮਾਜ ਸੇਵੀ ਬਣੀ ਜਾਨਾ !

ਟਿਕਟ ਦਾ ਨਾਮ ਸੁਣਕੇ ਭਾਨੇ ਨੇ ਆਪਣੇ ਹੱਥ ਵਿੱਚ ਪੈਸੇ ਵੇਖੇ,ਤੇ ਫੇਰ ਪੈਸਿਆਂ ਵੱਲ ਵੇਖਕੇ.....,ਹੱਸਦਾ ਵਿਅੰਗ ਕਸਦਾ ਹੋਇਆ ਬੋਲਿਆ, ``ਉਹ ਟਿਕਟ ਤਾਂ......(ਹਲਕਾ ਜਿਹਾ ਮੁਸਕਰਾ ਕੇ) ਮਿਲਣੀ ਮੁਸ਼ਕਲ ਆ ਸ਼ੇਰਾ,ਹਾਂ ਬੱਸ ਦੀ ਜਰੂਰ ਲੈਣੀ ਆ.....ਟਿਕਟ,ਉਹ ਮੇਰੇ ਹਿਸਾਬ ਨਾਲ ਆਜੂਗੀ/ਰੇਹੜੀ ਵਾਲਾ ਵੀ ਉਸਦਾ ਇਸ਼ਾਰਾ ਚੰਗੀ ਤਰ੍ਹਾਂ ਸਮਝ ਗਿਆ ਸੀ/

ਖੁੱਲ੍ਹ ਕੇ ਹੱਸਣਾ ਸਿਹਤ ਲਈ ਚੰਗਾ ਹੁੰਦਾ,ਇਸ ਕਰਕੇ ਖੁੱਲ ਕੇ ਹੱਸਣਾ ਜਰੂਰੀ ਏ/ਪਰ ਇਕੱਲਾ ਬਾਹਰੋ ਹਾ..ਹਾ..ਹਾ.ਕਰਨ ਨੂੰ ਵੀ ਖ਼ੁਸ਼ੀ ਨਹੀਂ ਕਹਿੰਦੇ/ਖ਼ੁਸ਼ੀ ਅੰਦਰੋਂ ਉਤਪੰਨ ਹੁੰਦੀ ਏ,ਇਸ ਦਾ ਲੁਤਫ਼ ਕੋਈ ਕੋਈ ਹੀ ਉਠਾ ਸਕਦਾ,ਅਜਿਹੀ ਖ਼ੁਸ਼ੀ ਹਰੇਕ ਦੇ ਨਸੀਬ ਵਿੱਚ ਨਹੀਂ ਹੁੰਦੀ,ਇਹ ਧੰਨ,ਦੌਲਤ ਪੈਸੇ ਦੇ ਮੱਕੜ ਜਾਲ ਵਿੱਚ ਫਸਿਆਂ ਦੇ ਨਹੀਂ,ਦਿਲਾਂ ਦੇ ਅਮੀਰ ਇਨਸਾਨਾਂ ਦੇ ਹਿੱਸੇ ਆਉਂਦੀ ਹੈ/ਜੋ ਹਿਰਦੇ ਨੂੰ ਰੁਸ਼ਨਾਂ ਦੇਵੇ,ਅਜਿਹੀ ਖ਼ੁਸ਼ੀ ਪਾਉਣ ਲਈ ਵੀ ਇੱਕ ਖਾਸ ਅੱਖ ਚਾਹੀਦੀ ਆ/ਇਹ ਸ਼ਹਿਰ ਵਿੱਚ ਚੁਸਕੀਆਂ ਲੈ ਕੇ ਜੂਸ ਦਾ ਗਿਲਾਸ ਪੀਂਦੇ ਕਿਸੇ ਮਜ਼ਦੂਰ ਨੂੰ ਵੇਖ ਕੇ ਵੀ ਮਿਲ ਸਕਦੀ ਏ,ਇਹ ਕਿਸੇ ਧਾਰਮਿਕ ਸਥਾਨ ਤੇ ਡਰ ਡਰ ਕੇ ਦੁਬਾਰਾ ਪ੍ਰਸ਼ਾਦ ਲੈਣ ਵਾਲੇ ਬੱਚੇ ਨੂੰ ਵੀ ਵੇਖ ਮਿਲ ਸਕਦੀ ਹੈ,ਮਨੋਕਾਮਨਾ ਪੂਰੀਆਂ

ਹੋਣ ਨੂੰ ਹੀ ਜ਼ਿੰਦਗੀ ਨਹੀਂ ਕਹਿੰਦੇ,ਤਿਆਗ ਕਰਨਾ ਵੀ ਜ਼ਿੰਦਗੀ ਦਾ ਅਹਿਮ ਹਿੱਸਾ ਹੈ,ਕਦੇ ਕਦੇ ਕਿਸੇ ਚੀਜ਼ ਦਾ ਤਿਆਗ ਕਰਨ ਨਾਲ, ਖੁਵਾਇਸ਼ ਪੂਰੀ ਹੋਣ ਤੋਂ ਵੀ ਕਿਤੇ ਜ਼ਿਆਦਾ ਖੁਸ਼ੀ ਹੁੰਦੀ ਆ.../

ਇਸੇ ਤਰ੍ਹਾਂ ਭਾਨਾ ਵੀ ਅੰਦਰੋਂ ਖੁਸ਼ ਸੀ, ਉਸਨੇ ਹਰ ਇੱਕ ਦੀ ਤਰ੍ਹਾਂ ਭਾਂਵੇ ਆਪਣੇ ਅੰਦਰ ਬੈਠੇ ਸ਼ੈਤਾਨ ਦੀ ਗੱਲ ਮੰਨ ਕੇ ਜ਼ਿੰਦਗੀ ਵਿੱਚ ਸੈਂਕੜੇ ਗ਼ੁਨਾਹ ਕੀਤੇ ਹੋਣੇ ਆ,ਪਰ ਫੇਰ ਵੀ ਉਸਨੇ ਇਸ ਵਾਰ ਆਪਣੇ ਅੰਦਰ ਬੈਠੇ ਕਿਸੇ ਫਰਿਸਤੇ ਦੀ ਆਵਾਜ਼ ਸੁਣ ਕੇ,ਬਿਨਾਂ ਕਿਸੇ ਦਿਖਾਵੇ ਤੋਂ,ਉਹਨਾਂ ਗਰੀਬ ਬੱਚਿਆਂ ਦੀ ਖੁਸ਼ੀ ਵਿੱਚ ਸ਼ਰੀਕ ਹੋਣ ਦਾ ਮੌਕਾ ਨਹੀ ਗਵਾਇਆ ਸੀ/ਗੱਲ ਸਿਰਫ਼ ਇਹ ਨਹੀ ਸੀ ਕਿ ਉਸਨੇ ਫ਼ਲ ਅਤੇ ਮਠਿਆਈ ਆਪਣੀ ਧੀ ਨੂੰ ਦੇਣ ਦੀ ਬਜਾਏ ਉਹਨਾਂ ਝੁੱਗੀ ਝੋਪੜੀ ਵਾਲੇ ਬੱਚਿਆਂ ਨੂੰ ਦੇ ਕੇ ਬਹੁਤ ਪੁੰਨ ਦਾ ਕੰਮ ਕੀਤਾ ਸੀ, ਗੱਲ ਤਾਂ ਇਹ ਸੀ ਕਿ ਭਾਨੇ ਨੇ ਹੁਣ ਤੱਕ ਦੀ ਆਪਣੀ ਜ਼ਿੰਦਗੀ ਵਿੱਚ ਗਰੀਬੀ ਦਾ ਵਾਸਤਾ ਪਾ ਕੇ ਲੋਕਾਂ ਤੋਂ ਮੰਗਿਆ ਹੀ ਸੀ,ਕਿਸੇ ਨੂੰ ਕੁੱਝ ਦਿੱਤਾ ਨਹੀ ਸੀ/ਜਿੱਥੇ ਉਸਨੂੰ ਕਿਸੇ ਤੋਂ ਮੰਗੀ ਚੀਜ਼ ਲੈਂਦੇ ਸਮੇਂ ਉੱਤੋਂ ਖੁਸ਼ੀ ਹੁੰਦੀ ਸੀ,ਉੱਥੇ ਉਸਨੂੰ ਅੰਦਰੋਂ ਅੰਦਰੀ ਨਾਮੋਸ਼ੀ ਦਾ ਵੀ ਸਾਹਮਣਾ ਕਰਨਾ ਪੈਂਦਾ ਸੀ/ਅੱਜ ਉਹਨਾਂ ਬੱਚਿਆ ਨੂੰ ਆਪਣੇ ਪੱਲਿਓ ਕੁਝ ਦੇ ਕੇ ਉਹਨੂੰ ਬਾਹਰੋਂ ਵੀ ਖੁਸ਼ੀ ਮਹਿਸੂਸ ਹੋਈ ਸੀ ਤੇ ਅੰਦਰੋਂ ਵੀ/ਅਤੇ ਨਾਲ ਉਸ ਨੇ ਇਹ ਵੀ ਪ੍ਰਾਣ ਕਰ ਲਿਆ ਸੀ ਕਿ ਉਹ ਅੱਗੇ ਤੋਂ ਵੀ ਔਕਾਤ ਦੇ ਹਿਸਾਬ ਨਾਲ ਆਪਣੀ ਮਿਹਨਤ ਦੀ ਕਮਾਈ ਵਿੱਚੋਂ ਕਿਸੇ ਲੋੜਵੰਦ ਦੀ ਮਦਦ ਜਰੂਰ ਕਰਿਆ ਕਰੇਗਾ/

ਭਾਨਾ ਦਸਾਂ ਦਸਾਂ ਵਾਲੀਆਂ ਦੋ ਛੱਲੀਆਂ ਲੈ ਕੇ ਪਿੰਡ ਨੂੰ ਜਾਣ ਵਾਲੀ ਬੱਸ ਵਿੱਚ ਤਿੰਨ ਸਵਾਰੀਆਂ ਵਾਲੀ ਸੀਟ ਤੇ ਬੈਠ ਗਿਆ/ਉਸ ਸੀਟ ਤੇ ਇੱਕ ਪਹਿਲਾਂ ਹੀ ਹੱਥਾਂ ਵਿੱਚ ਸੋਨੇ ਦੀਆਂ ਛਾਪਾਂ ਪਾਈ ਮੋਟਾ ਸਾਰਾ ਆਦਮੀ ਬੈਠਾ ਸੀ,ਉਹ ਆਪਣੇ ਕੰਮਕਾਰ ਦੀਆਂ ਸੋਚਾਂ ਵਿੱਚ ਡੁੱਬਾ ਕੇਲੇ ਖਾਂਦਾ ਸਿੱਲੜ ਬਾਹਰ ਸੁੱਟ ਰਿਹਾ ਸੀ/ਉਸੇ ਸੀਟ ਤੇ ਭਾਨੇ ਨਾਲ ਖੂਬਸੂਰਤ ਜਨਾਨੀ,ਲੇਜ਼ ਖਾਂਦੀ ਬੈਠ ਗਈ,ਖਾਲੀ ਪੈਕਟ ਉਸਨੇ ਗੁੱਛੀ ਮੁੱਛੀ ਕਰਕੇ ਉੱਥੇ ਬੱਸ ਵਿੱਚ ਸੀ ਸੁੱਟ ਦਿੱਤਾ/ਕੰਡਕਟਰ ਨੇ ਇੱਕੋ ਸਾਹ ਵਿੱਚ ਜੋਧਪੁਰ ਚੀਮਾਂ,ਕੈਚੀਆਂ,ਸਹਿਣਾ,ਭਦੌੜ,ਜੰਗੀਆਣਾ,ਸਲਾਬਤਪੁਰਾ, ਦਿਆਲਪੁਰਾ ਭਾਈਕਾ,ਜਲਾਲ,ਭਗਤਾ, ਬਾਜਾ,ਕੋਟ, ਫ਼ਰੀਦਕੋਟ ਕਹਿ ਕੇ ਲੰਮੀ ਸ਼ੀਟੀ ਮਾਰ ਦਿੱਤੀ,ਬੱਸ ਬਰਨਾਲੇ ਅੱਡੇ ਵਿੱਚੋਂ ਤੁਰ ਪਈ/ਵਿੱਚ ਵਿੱਚ ਸੀਟਾਂ ਤੇ ਭਾਂਵੇ ਬੈਠਣ ਲਈ ਜਗ੍ਹਾ ਸੀ,ਪਰ ਕੁਝ ਪੜ੍ਹਾਕੂ,ਭਾਨੇ ਵਾਲੀ ਸੀਟ ਕੋਲ,ਗੋਲ ਘਤੇਰਾ ਜਿਹਾ ਮਾਰ ਕੇ ਉਸਦੇ ਨਾਲ ਬੈਠੀ ਸੋਹਣੀ ਜਿਹੀ ਮੁਟਿਆਰ ਤੇ ਆਪਣੇ ਨੈਣਾਂ ਤੇ ਤੀਰ ਚਲਾਉਣ ਲੱਗ ਪਏ,ਤੇ ਉਹ ਉਹਨਾਂ ਤੋਂ ਖਿਝੀ ਭੈੜਾ ਜਿਹਾ ਮੂੰਹ ਬਣਾ ਰਹੀ ਸੀ/

ਜਦ ਕੰਡਕਟਰ ਭਾਨੇ ਕੋਲ ਆਇਆ ਤਾਂ ਉਹਨੇ ਕੋਲ ਰਹਿੰਦੇ ਦਸ ਰੁਪਿਆਂ ਦੀ ਟਿਕਟ ਕਟਾ ਲਈ ਤੇ ਨਾਲ ਹੀ ਉਸਨੂੰ ਹੌਲੀ ਕੁ ਦਿਣੇ ਕਹਿੰਦਾ,``ਆਹ ਮਧੂ ਮੱਖੀਆਂ ਨੂੰ ਕਹਿ ਦੇਈਂ ਕਿ,``ਗੁੜ ਤੱਤਾ ਬਹੁਤ ਆ.....,ਕਿਤੇ ਮਿੱਠੇ ਦੀ ਤਲਾਸ਼ 'ਚ ਆਪਣੇ ਖੰਭ ਹੀ ਨਾ ਸੜਾ ਲੈਣ/ਕੰਡਕਟਰ ਭਾਨੇ ਦੀ ਮਾੜੀ ਮੋਟੀ ਗੱਲ ਸਮਝਦਾ ਹੋਇਆ,ਮੁੰਡਿਆਂ ਨੂੰ ਪਿਛਾਂਹ ਲੰਘ ਜਾਣ ਲਈ ਕਹਿ ਕੇ ਅੱਗੇ ਟਿਕਟਾਂ ਕੱਟਣ ਲੱਗ ਪਿਆ/ਭਾਨਾ ਟਿਕਟ ਕਟਾ ਕੇ ਬਿਲਕੁਲ ਖਾਕੀ ਨੰਗ ਹੋ ਗਿਆ/ਹੱਥ ਵਿੱਚ ਫੜਿਆ ਗੁੱਲ ਰਹਿ ਜਾਂਦਾ ਹੈ ਜਿਸਨੂੰ ਉਹ ਦੂਜਿਆਂ ਵਾਂਗ ਬਾਹਰ ਜਾਂ ਬੱਸ ਵਿੱਚ ਸੁੱਟਣ ਦੀ ਬਜਾਏ ਆਪਣੇ ਮੋਰਨੀਆਂ ਵਾਲੇ ਝੋਲੇ ਵਿੱਚ ਹੀ ਪਾ ਲੈਂਦਾ ਹੈ, ਜਿਹਦੇ ਵਿੱਚ ਇੱਕ ਛੱਲੀ ਉਸਦੀ ਪਹਿਲਾਂ ਹੀ ਪਾਈ ਹੁੰਦੀ ਹੈ/ਉਹ ਪੜ੍ਹੇ ਲਿਖੇ ਲੋਕਾਂ ਵਾਂਗ ਆਲੇ ਦੁਆਲੇ ਗੰਦ ਪਾਉਣ ਵਾਲੇ ਡਿਜੀਟਲ ਇੰਡੀਆ ਦੀ ਕਤਾਰ ਵਿੱਚ ਤਾਂ ਸ਼ਾਮਲ ਨਹੀ ਸੀ,ਪਰ ਸਵੱਛ ਭਾਰਤ ਦੀ ਪਰਿਭਾਸ਼ਾ ਸਮਝਦਾ,ਕਿਤੇ ਨਾ ਕਿਤੇ ਆਪਣੇ ਵਿਰਸੇ ਨਾਲ ਜੁੜਿਆ ਬਦਲ ਰਹੇ ਦੇਸ਼ ਦੇ ਪਿੱਛੇ ਚੱਲਣ ਦਾ ਉਹਦੇ ਵਿੱਚ ਜਜ਼ਬਾ ਜ਼ਰੂਰ ਸੀ/ਉਹ ਮੋਟੇ ਆਦਮੀ ਅਤੇ ਉਸ ਅੱਲੜ੍ਹ ਵਿਚਕਾਰ ਭਚੀਕੜਿਆ,ਆਰਥਿਕ ਪੱਖੋਂ ਭਾਂਵੇ ਨੰਗ ਪਰ ਆਤਮਕ ਤੌਰ ਤੇ ਸਕੂਨ ਭਰੇ ਲਹਿਜੇ ਵਿੱਚ ਪੂਰਾ ਖੁਸ਼ ਸ਼ਾਹੂਕਾਰ ਬਣਿਆਂ ਬੈਠਾ ਸੀ,.......ਨੰਗ ਸ਼ਾਹੂਕਾਰ.......

ਬੱਸ ਵਿਚ ਲੱਗੇ ਮਿਊਜ਼ਿਕ ਸਿਸਟਮ ਵਿੱਚੋਂ ਹਲਕੀ ਹਲਕੀ ਆਵਾਜ਼ ਵਿੱਚ ਇਹ ਸਤਰਾਂ ਸੁਣਾਈ ਦੇ ਰਹੀਆਂ ਸਨ....

ਬਾਹਰ ਤਾਂ ਹੈ ਭਟਕਣ
ਤੇਰੇ ਅੰਦਰ ਹੀ ਗਿਆਨ
ਤੇਰੇ ਅੰਦਰ ਹੀ ਮਸ਼ੀਹਾ
ਤੇਰੇ ਅੰਦਰ ਹੀ ਸ਼ੈਤਾਨ
ਤੇਰੇ ਅੰਦਰ ਹੀ ਰਾਖ਼ਸ਼
ਤੇਰੇ ਅੰਦਰ ਹੀ ਭਗਵਾਨ

ਬਲਜੀਤ ਖਰਾਜ 9855 333 789

ਮਿਤੀ 21 = 10 = 2017